ਨੰ:FD-FB-109/52/2020-5FB1/ 39415
ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਬਜਟ-1 ਸ਼ਾਖਾ)

ਮਿਤੀ, ਚੰਡੀਗੜ੍ਹ: 23 ਜੂਨ, 2020

ਸੇਵਾ ਵਿਖੇ

I. ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

II. ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ।

III. ਡਵੀਜ਼ਨਾਂ ਦੇ ਕਮਿਸ਼ਨਰਜ਼।

IV. ਸਮੂਹ ਡਿਪਟੀ ਕਮਿਸ਼ਨਰਜ਼/ਜਿਲ੍ਹਾ ਅਤੇ ਸੈਸ਼ਨ ਜੱਜ।

V. ਰਜਿਸਟਰਾਰ ਜਨਰਲ, ਪੰਜਾਬ ਅਤੇ ਹਰਿਆਣਾ ਹਾਈ ਕੋਰਟ।

VI. ਸਕੱਤਰ, ਪੰਜਾਬ ਵਿਧਾਨ ਸਭਾ।

**ਵਿਸ਼ਾ: ਮਿਤੀ 01-04-2020 ਤੋਂ ਸਰਕਾਰੀ ਰਸੀਟ ਨੂੰ ਈ-ਰਸੀਟ ਪੋਰਟਲ ਤੇ ਆਨਲਾਈਨ ਪ੍ਰਾਪਤ ਕਰਨ ਸਬੰਧੀ।**

****

**ਹਵਾਲਾ: ਇਸ ਦਫਤਰ ਦੇ ਪੱਤਰ ਨੰ:1/5/2019-1FB1/287 ਮਿਤੀ 30-03-2020 ਦੇ ਸਬੰਧ ਵਿੱਚ।**

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਹਵਾਲਾ ਅਧੀਨ ਪੱਤਰ ਵੱਲ ਦਿਵਾਉਂਦੇ ਹੋਏ ਕਹਿਣ ਦੀ ਹਦਾਇਤ ਹੋਈ ਹੈ ਕਿ ਮਿਤੀ 31-03-2020 ਨੂੰ ਟੀ.ਸੀ.ਐਸ ਨਾਲ ਕੰਟਰੈਕਟ ਖਤਮ ਹੋਣ ਉਪਰੰਤ ਸਾਈਬਰ ਟ੍ਰੇਜਰੀ ਪੋਰਟਲ ਬੰਦ ਕਰ ਦਿੱਤਾ ਗਿਆ ਸੀ। ਮਿਤੀ 01-04-2020 ਤੋਂ ਐਨ.ਆਈ.ਸੀ ਵਲੋਂ ਤਿਆਰ ਕੀਤਾ ਈ ਰਸੀਟ ਪੋਰਟਲ ਲਾਗੂ ਕੀਤਾ ਗਿਆ ਹੈ ਅਤੇ ਮਿਤੀ 01-04-2020 ਤੋਂ ਪੰਜਾਬ ਰਾਜ ਦੀਆਂ ਸਾਰੀਆਂ ਪ੍ਰਾਪਤੀਆਂ ਪੰਜਾਬ ਸਰਕਾਰ ਦੇ ਈ ਰਸੀਟ ਪੋਰਟਲ ਤੇ ਕਰਨ ਦਾ ਫੈਸਲਾ ਲਿਆ ਗਿਆ ਹੈ।

1. ਇਸ ਮੰਤਵ ਲਈ ਪੰਜਾਬ ਸਰਕਾਰ ਵਲੋਂ ਈ-ਰਸੀਟ ਪੋਰਟਲ ਬਣਾਇਆ ਗਿਆ ਹੈ ਜਿਸ ਵਿੱਚ ਪੰਜਾਬ ਸਰਕਾਰ ਦੇ ਸਾਰੇ ਵਿਭਾਗ, ਵਿਭਾਗਾਂ ਦੇ ਡੀ.ਡੀ.ਓਜ਼ ਅਤੇ ਵਿਭਾਗਾਂ ਦੀਆਂ ਪ੍ਰਾਪਤੀਆਂ ਦੇ ਹੈੱਡ ਆਫ ਅਕਾਊਂਟ ਦਰਜ ਹਨ।
2. ਜਿਹੜੇ ਵੀ ਡੀ.ਡੀ.ਓਜ਼/ਨਾਗਰਿਕ ਸਰਕਾਰੀ ਖਜ਼ਾਨੇ ਵਿੱਚ ਸਰਕਾਰੀ ਫੀਸ/ਪ੍ਰਾਪਤੀ/ਟੈਕਸ ਆਦਿ ਜਮ੍ਹਾਂ ਕਰਵਾਉਣਾ ਚਾਹੁੰਦੇ ਹਨ ਤਾਂ ਉਹ https://ifms.punjab.gov.in/ereceipt ਤੇ ਜਾ ਕੇ ਸਰਕਾਰੀ ਰਸੀਟ ਜਮ੍ਹਾਂ ਕਰਵਾ ਸਕਦੇ ਹਨ।
3. e-Receipt ਦੀ ਸਾਈਟ ਤੇ ਜਾ ਕੇ ਨਾਗਰਿਕ ਆਪਣਾ Login ਬਣਾ ਸਕਦੇ ਹਨ ਜਾਂ ਫਿਰ ਗੈਸਟ ਯੂਜ਼ਰ (Guest User) ਦੀ ਤਰ੍ਹਾਂ ਚਲਾਨ create ਕਰ ਸਕਦੇ ਹਨ। ਡੀ.ਡੀ.ਓ. ਆਪਣੇ ਆਈ.ਐਫ.ਐਮ.ਐਸ ਦੀ ਲੋਗਿਨ ਡੀਟੇਲਜ਼ ਰਾਹੀਂ ਈ-ਰੀਸੀਟ ਪੋਰਟਲ ਤੇ ਚਲਾਨ create ਕਰ ਸਕਦੇ ਹਨ।